ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509



# ਸ਼ੈਲੀ ਵਿਗਿਆਨ: ਸਿਧਾਂਤਕ ਪਰਿਪੇਖ



ਡਾ. ਸੋਨਾ
ਐਸੋਸੀਏਟ ਪ੍ਰੋਫੈਸਰ
ਲਵਲੀ ਪ੍ਰੋਫੈਸ਼ਨਲ
ਯੂਨੀਵਰਸਿਟੀ, ਜਲੰਧਰ
sonasandhu962@gmail.com

ਭਾਸ਼ਾ ਦਾ ਮਨੁੱਖੀ ਜ਼ਿੰਦਗੀ ਵਿੱਚ ਮਹੱਤਵਪੂਰਨ ਯੋਗਦਾਨ ਹੈ। ਇਸ ਤੋਂ ਬਿਨਾਂ ਮਨੁੱਖ ਜਾਂ ਸਮਾਜ ਦੀ ਹੋਂਦ ਚਿਤਵੀ ਹੀ ਨਹੀਂ ਜਾ ਸਕਦੀ। ਭਾਸ਼ਾ ਨੇ ਹੀ ਆਲੇ-ਦੁਆਲੇ ਦੇ ਸੰਸਾਰ ਦਾ ਨਾਮਕਰਨ ਕਰਕੇ ਉਸਦੀ ਹੋਂਦ ਨੂੰ ਸਥਾਪਿਤ ਕੀਤਾ ਹੈ। ਇਸ ਲਈ ਇਹ ਕੇਵਲ ਸੰਚਾਰ ਦਾ ਹੀ ਸਾਧਨ ਨਹੀਂ, ਸਗੋਂ ਸਮਾਜ ਦੀ ਸਜੀਵਤਾ ਨਾਲ ਜੁੜਿਆ ਇੱਕ ਪਹਿਲੂ ਵੀ ਹੈ। ਭਾਸ਼ਾ ਦਾ ਵਿਗਿਆਨਕ ਅਧਿਐਨ ਹੀ ਭਾਸ਼ਾ ਵਿਗਿਆਨ ਅਖਵਾਉਂਦਾ ਹੈ। ਭਾਸ਼ਾ ਵਿਗਿਆਨ ਦਾ ਸਬੰਧ ਸ਼ੈਲੀ ਵਿਗਿਆਨ ਨਾਲ ਵੀ ਹੈ। ਸ਼ੈਲੀ ਵਿਗਿਆਨ 20ਵੀਂ ਸਦੀ ਵਿੱਚ ਉਪਜੀ ਇੱਕ ਵੱਖਰੀ ਪ੍ਰਣਾਲੀ ਹੈ, ਜੋ ਭਾਸ਼ਾ ਵਿਗਿਆਨ ਦੀ ਮਦਦ ਲੈ ਕੇ ਅੱਗੇ ਵਧਦੀ ਗਈ। ਸ਼ੈਲੀ ਸ਼ਬਦ ਭਾਰਤੀ ਕਾਵਿ ਸ਼ਾਸਤਰ ਵਿੱਚ 'ਰੀਤੀ' ਨਾਲ ਮੇਲ ਖਾਂਦਾ ਹੈ। ਹੌਲੀ-ਹੌਲੀ ਇਹੋ ਸ਼ਬਦ ਲੇਖਕ ਦੇ ਸੁਭਾਅ ਦੀ ਪਛਾਣ ਕਰਨ ਵਿੱਚ ਰੁੱਝ ਗਿਆ। ਅੱਜ 20ਵੀਂ ਅਤੇ 21ਵੀਂ ਸਦੀ ਵਿੱਚ ਸ਼ੈਲੀ ਵਿਗਿਆਨ ਪੂਰਨ ਅਰਥਾਂ ਨੂੰ ਗ੍ਰਹਿਣ ਕਰ ਚੁੱਕਾ ਹੈ। ਸ਼ੈਲੀ ਵਿਗਿਆਨ ਨਾਲ ਸਬੰਧਤ ਮਹੱਤਵਪੂਰਨ ਜਾਣਕਾਰੀ ਸਾਨੂੰ ਯੂਨਾਨੀ, ਪੱਛਮੀ ਅਤੇ ਹਿੰਦੀ ਪੁਸਤਕਾਂ ਵਿੱਚੋਂ ਪ੍ਰਾਪਤ ਹੁੰਦੀ ਹੈ। ਪੰਜਾਬੀ ਵਿੱਚ ਇਸ ਸਬੰਧੀ ਬਹੁਤ ਘੱਟ ਕੰਮ ਹੋਇਆ ਮਿਲਦਾ ਹੈ। ਡਾ. ਹਰਿਭਜਨ ਸਿੰਘ ਦਾ ਸ਼ੈਲੀ ਅਤੇ ਸ਼ੈਲੀ ਵਿਗਿਆਨ ਨਾਲ ਸਬੰਧਤ ਮਹੱਤਵਪੂਰਨ ਕਾਰਜ ਹੋਇਆ ਮਿਲਦਾ ਹੈ।

ਸ਼ੈਲੀ ਵਿਗਿਆਨ ਬਾਰੇ ਵੱਖ-ਵੱਖ ਵਿਦਵਾਨਾਂ ਦੀਆਂ ਆਪਣੀਆਂ-ਆਪਣੀਆਂ ਧਾਰਨਾਵਾਂ ਹਨ। ਰਜਿੰਦਰ ਸਿੰਘ ਸੇਖੋਂ ਅਨੁਸਾਰ:-

"ਸ਼ੈਲੀ ਵਿਗਿਆਨ ਪਾਠ ਜਾਂ ਕਿਰਤ ਨੂੰ ਖੁਦ-ਮੁਖਤਿਆਰ ਮੰਨਦਾ ਹੈ। ਇਹ ਪਾਠ ਦੀ ਭਾਸ਼ਾ ਪ੍ਰਤੀ ਸੁਚੇਤ ਹੁੰਦਾ ਹੈ। ਇਹ ਪਾਠ ਦੀ ਭਾਸ਼ਾ ਦਾ ਸ਼ੈਲੀ ਲੱਛਣਾਂ ਦੇ ਅਧਾਰ ਤੇ ਵਿਸ਼ਲੇਸ਼ਣ ਅਤੇ ਸੰਸਲੇਸ਼ਣ ਵੀ ਕਰਦਾ ਹੈ।"[1]

**ਸ਼ੈਲੀ ਵਿਗਿਆਨ ਦਾ ਸਿਧਾਂਤਕ ਪੱਖ:** ਸਮਕਾਲੀ ਸਾਹਿਤਕ ਚਿੰਤਨ ਵਿੱਚ ਸ਼ੈਲੀ ਵਿਗਿਆਨ ਸਿਰਫ਼ ਇੱਕ ਸਧਾਰਨ ਵਿਧੀ ਨਹੀਂ ਹੈ, ਸਗੋਂ ਇਹ ਸਾਹਿਤਕ ਕਿਰਤ ਦੀ ਅੰਦਰੂਨੀ ਬਣਤਰ ਅਤੇ ਬਾਹਰੀ ਸੰਚਾਰ ਪ੍ਰਕਿਰਿਆ ਦੇ ਵਿਚਕਾਰ ਇੱਕ ਜੀਵੰਤ ਸੰਵਾਦ ਹੈ। ਭਾਸ਼ਾ ਜਦੋਂ ਸਧਾਰਨ ਵਿਵਹਾਰਕ ਪੱਧਰ ਤੋਂ ਉੱਠ ਕੇ ਕਾਵਿਕ ਜਾਂ ਸਾਹਿਤਕ ਰੂਪ ਧਾਰਨ ਕਰਦੀ ਹੈ, ਤਾਂ ਉਸ ਵਿੱਚ ਇੱਕ ਵਿਸ਼ੇਸ਼ ਪ੍ਰਕਾਰ ਦੀ ਸੁੰਦਰਤਾਵਾਦੀ ਊਰਜਾ ਦਾ

ਸੰਚਾਰ ਹੁੰਦਾ ਹੈ। ਸ਼ੈਲੀ ਵਿਗਿਆਨ ਇਸੇ ਊਰਜਾ ਦੇ ਸਰੋਤਾਂ ਦੀ ਨਿਸ਼ਾਨਦੇਹੀ ਕਰਦਾ ਹੈ। ਇਹ ਸਾਹਿਤਕ ਪਾਠ ਨੂੰ ਸਮਾਜਿਕ-ਸੱਭਿਆਚਾਰਕ ਸੰਦਰਭਾਂ ਦੇ ਨਾਲ-ਨਾਲ ਉਸ ਦੀ ਭਾਸ਼ਾਈ ਸੰਰਚਨਾ ਦੇ ਅੰਦਰੂਨੀ ਨੇਮਾਂ ਰਾਹੀਂ ਸਮਝਣ ਦਾ ਸੁਚੇਤ ਯਤਨ ਹੈ। ਇਸ ਪ੍ਰਣਾਲੀ ਰਾਹੀਂ ਲੇਖਕ ਦੀ ਮਾਨਸਿਕ ਸੰਰਚਨਾ ਅਤੇ ਉਸ ਦੀ ਸਿਰਜਣਾਤਮਕ ਚੋਣ ਦੇ ਗੁਪਤ ਕੋਡਾਂ ਨੂੰ ਡੀ-ਕੋਡ (Decode) ਕੀਤਾ ਜਾ ਸਕਦਾ ਹੈ, ਜਿਸ ਨਾਲ ਪਾਠ ਦੇ ਅਣਗੌਲੇ ਪਾਸਾਰ ਪ੍ਰਗਟ ਹੁੰਦੇ ਹਨ। ਸ਼ੈਲੀ ਵਿਗਿਆਨ ਸ਼ਬਦ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ। ਇਸ ਦਾ ਪਹਿਲਾ ਸ਼ਬਦ ਸ਼ੈਲੀ ਕਾਫ਼ੀ ਅਸਪੱਸ਼ਟ ਮੰਨਿਆ ਜਾਂਦਾ ਰਿਹਾ ਹੈ। ਇਸ ਲਈ ਇਸ ਨੂੰ ਪਰਿਭਾਸ਼ਿਤ ਕਰਨਾ ਕਿ ਸ਼ੈਲੀ ਵਿਗਿਆਨ ਸ਼ੈਲੀ ਦੇ ਅਧਿਐਨ ਦਾ ਵਿਗਿਆਨ ਹੈ, ਇਹ ਬਹੁਤ ਉਚਿਤ ਨਹੀਂ ਹੈ। ਇਸ ਨੂੰ ਵਿਗਿਆਨ ਦੇ ਪੱਧਰ ਤੇ ਦੇਖਣਾ ਅਤੇ ਉਜਾਗਰ ਕਰਨਾ ਜ਼ਰੂਰੀ ਹੈ। ਡਾ. ਸੀਤਾਸ਼ੂ ਅਨੁਸਾਰ:-

"ਸ਼ੈਲੀ ਵਿਗਿਆਨ ਅਜਿਹਾ ਆਲੋਚਨਾ ਪੱਧਰ ਹੈ ਜੋ ਵਸਤੂ ਪਰਕਤਾ (Objectivity) ਉੱਤੇ ਆਧਾਰਿਤ ਭਾਸ਼ਾਈ ਤੌਰ ਤੇ ਸੁਚੇਤ, ਵਿਸ਼ਲੇਸ਼ਣ ਸਾਪੇਖ ਅਤੇ ਵਿਸ਼ਲੇਸ਼ਿਤ ਭਾਸ਼ਾਈ ਇਕਾਈਆਂ ਦਾ ਸੁਮੇਲ ਕਰਕੇ ਕਿਰਤ ਜਾਂ ਪਾਠ ਦੇ ਅੱਧਬੁਝੇ ਅਤੇ ਅਣਸੁੱਝੇ ਅਰਥਾਂ ਦੀਆਂ ਸੂਖਮ ਪਰਤਾਂ ਨੂੰ ਉਜਾਗਰ ਕਰਦਾ ਹੈ।"[2]

ਇਸ ਜਾਣਕਾਰੀ ਤੋਂ ਬਾਅਦ ਅਸੀਂ ਸ਼ੈਲੀ ਵਿਗਿਆਨ ਦੇ ਅਰਥ ਅਤੇ ਸ਼ੈਲੀ ਵਿਗਿਆਨ ਦੀਆਂ ਪਰਿਭਾਸ਼ਾਵਾਂ ਨੂੰ ਜਾਣ ਕੇ ਹੀ ਪੂਰਨ ਅੰਦਾਜ਼ਾ ਲਾ ਸਕਦੇ ਹਾਂ ਕਿ ਅਸਲ ਵਿੱਚ ਸ਼ੈਲੀ ਵਿਗਿਆਨ ਕੀ ਹੈ? ਕਿਉਂਕਿ ਸ਼ੈਲੀ ਵਿਗਿਆਨ ਨੂੰ ਕਈ ਵਿਦਵਾਨ ਭਾਸ਼ਾ ਵਿਗਿਆਨ ਦਾ ਅੰਗ ਮੰਨਦੇ ਹਨ, ਕਈ ਉਸ ਤੋਂ ਵੱਖਰਾ ਵਿਗਿਆਨ ਮੰਨਦੇ ਹਨ। ਰੋਮਨ ਯੈਕੋਬਸਨ ਸ਼ੈਲੀ ਵਿਗਿਆਨ ਨੂੰ ਭਾਸ਼ਾ ਵਿਗਿਆਨ ਦਾ ਅੰਗ ਮੰਨਦਾ ਹੈ ਪਰ ਉਹ ਇਸ ਦੇ ਨਾਲ ਹੀ ਸਾਰੀ ਸਾਹਿਤ ਆਲੋਚਨਾ ਨੂੰ ਭਾਸ਼ਾ-ਵਿਗਿਆਨ ਵਿੱਚ ਸ਼ਾਮਲ ਕਰ ਲੈਂਦਾ ਹੈ। ਰੈਨੇ ਵੈਲਕ ਸ਼ੈਲੀ ਵਿਗਿਆਨ ਨੂੰ ਭਾਸ਼ਾ ਵਿਗਿਆਨ ਦਾ ਅੰਗ ਮੰਨਦਾ ਹੋਇਆ ਲਿਖਦਾ ਹੈ ਕਿ ਮੈਨੂੰ ਸ਼ੈਲੀ ਵਿਗਿਆਨ ਹਰ ਥਾਂ ਤੇ ਭਾਸ਼ਾ ਦਾ ਅੰਗ ਹੀ ਪ੍ਰਤੀਤ ਹੁੰਦਾ ਹੈ। ਗਾਲਬਰਿਨ ਦੇ ਮੁਤਾਬਕ ਸ਼ੈਲੀ ਵਿਗਿਆਨ ਖਾਸ ਪੱਧਰ ਦਾ ਭਾਸ਼ਾ-ਵਿਗਿਆਨ ਹੀ ਹੈ। ਇਹ ਉਹ ਵਿਦਵਾਨ ਹਨ ਜੋ ਸ਼ੈਲੀ ਵਿਗਿਆਨ ਨੂੰ ਭਾਸ਼ਾ ਵਿਗਿਆਨ ਦਾ ਅੰਗ ਮੰਨਦੇ ਹਨ, ਭਾਵੇਂ ਸ਼ੈਲੀ ਵਿਗਿਆਨ ਦੀ ਉਤਪੱਤੀ ਦਾ ਖੇਤਰ ਭਾਸ਼ਾ ਵਿਗਿਆਨ ਹੈ, ਪਰ ਇਸ ਦੇ ਕਾਰਜ ਦਾ ਖੇਤਰ ਸਾਹਿਤ ਦੀਆਂ

ਵਿਧਾਵਾਂ ਹਨ। ਇਸ ਕਰਕੇ ਸ਼ੈਲੀ ਵਿਗਿਆਨ ਸ਼ੁੱਧ ਤੌਰ ਤੇ ਭਾਸ਼ਾ ਵਿਗਿਆਨ ਨਹੀਂ ਮੰਨਿਆ ਜਾ ਸਕਦਾ।

ਭਾਸ਼ਾ ਵਿਗਿਆਨ ਭਾਸ਼ਾ ਦਾ ਵਿਸ਼ਲੇਸ਼ਣ ਕਰਦਾ ਹੋਇਆ ਭਾਸ਼ਾ ਦਾ ਵਿਗਿਆਨਕ ਅਤੇ ਗਹਿਨ ਰੂਪ ਦੇਖਦਾ ਹੈ ਪਰ ਸ਼ੈਲੀ ਵਿਗਿਆਨ ਇਸ ਤੋਂ ਵੀ ਅੱਗੇ ਵਧ ਕੇ ਸਾਹਿਤ ਦੀ ਵਸਤੂ ਦੀ ਪੜਤਾਲ ਕਰਦਾ ਹੈ ਅਤੇ ਭਾਸ਼ਾਈ ਵਿਸ਼ਲੇਸ਼ਣ ਦੇ ਨਾਲ-ਨਾਲ ਉਸ ਦੇ ਮਰਮ ਨੂੰ ਵੀ ਦ੍ਰਿਸ਼ਟੀਗੋਚਰ ਕਰਦਾ ਹੈ।

ਸ਼ੈਲੀ ਵਿਗਿਆਨ ਨੂੰ ਭਾਸ਼ਾ ਵਿਗਿਆਨ ਦਾ ਅੰਗ ਮੰਨਣ ਵਾਲੇ ਵਿਦਵਾਨਾਂ ਦੀ ਰਾਇ ਦੇ ਕੁਝ ਵਿਦਵਾਨ ਉਲਟ ਵੀ ਹਨ। ਜਿਵੇਂ ਚੈਟਮੈਨ ਦੇ ਮੁਤਾਬਕ ਸ਼ੈਲੀ ਵਿਗਿਆਨ ਭਾਸ਼ਾ ਵਿਗਿਆਨ ਤੋਂ ਭਿੰਨ ਹੈ। ਉਲਮਾਨ ਦੇ ਲਫ਼ਜ਼ਾਂ ਵਿੱਚ ਵੀ ਸ਼ੈਲੀ ਵਿਗਿਆਨ ਭਾਸ਼ਾ ਵਿਗਿਆਨ ਦਾ ਪ੍ਰਕਾਰਜ ਜਾਂ ਉਸਦੀ ਕੋਈ ਸ਼ਾਖਾ ਨਹੀਂ ਹੈ। ਡੋਲਜ਼ੀਅਲ ਵੀ ਇਸ ਦੀ ਸੁਤੰਤਰ ਸੱਤਾ ਨੂੰ ਮੰਨਦਾ ਹੋਇਆ ਲਿਖਦਾ ਹੈ ਕਿ ਸ਼ੈਲੀ ਵਿਗਿਆਨ ਨੂੰ ਭਾਸ਼ਾ ਵਿਗਿਆਨ ਦੀ ਭੇਂਟ ਮੰਨਣਾ ਉਸ ਦੇ ਕਾਰਜ ਖੇਤਰ, ਉਦੇਸ਼ ਪੱਧਰ ਨੂੰ ਗੈਰ ਜ਼ਰੂਰੀ ਤੌਰ ਤੇ ਸੀਮਤ ਕਰਨਾ ਹੋਵੇਗਾ। ਸ਼ੈਲੀ ਵਿਗਿਆਨ ਰਚਨਾ ਦੇ ਸੌਂਦਰਯਾਤਮਕ ਪੱਖ ਨੂੰ ਉਜਾਗਰ ਕਰਦਾ ਹੈ। ਭਾਸ਼ਾ ਵਿਗਿਆਨ ਆਪਣੀਆਂ ਸੀਮਾਵਾਂ ਕਰਕੇ ਸੁਹਜ ਨੂੰ ਉਜਾਗਰ ਨਹੀਂ ਕਰ ਸਕਦਾ।

**ਭਾਸ਼ਾ ਅਤੇ ਸ਼ੈਲੀ ਦਾ ਦਾਰਸ਼ਨਿਕ ਦਵੰਦ:** ਅਸਲ ਵਿੱਚ, ਭਾਸ਼ਾ ਵਿਗਿਆਨ ਜਿੱਥੇ ਭਾਸ਼ਾ ਦੇ ਆਮ ਨੇਮਾਂ, ਧੁਨੀ-ਪ੍ਰਬੰਧਾਂ ਅਤੇ ਵਿਆਕਰਨਿਕ ਸੰਰਚਨਾਵਾਂ ਦੇ ਵਰਗੀਕਰਨ ਤੱਕ ਸੀਮਤ ਰਹਿੰਦਾ ਹੈ, ਉੱਥੇ ਸ਼ੈਲੀ ਵਿਗਿਆਨ ਉਸ ਸਥਾਪਿਤ ਪ੍ਰਬੰਧ ਵਿੱਚੋਂ ਪੈਦਾ ਹੋਣ ਵਾਲੇ 'ਸਿਰਜਣਾਤਮਕ ਵਿਸਫੋਟ' ਦਾ ਅਧਿਐਨ ਹੈ। ਸਾਹਿਤਕ ਭਾਸ਼ਾ ਆਮ ਬੋਲਚਾਲ ਦੀ ਭਾਸ਼ਾ ਦਾ ਮਹਿਜ਼ ਅਨੁਵਾਦ ਨਹੀਂ ਹੁੰਦੀ, ਸਗੋਂ ਇਹ ਭਾਸ਼ਾ ਦੇ ਸਥਾਪਿਤ ਮਾਨਦੰਡਾਂ ਨੂੰ ਤੋੜ ਕੇ ਇੱਕ ਨਵੇਂ ਸੁਹਜਾਤਮਕ ਸੰਸਾਰ ਦੀ ਸਿਰਜਣਾ ਕਰਦੀ ਹੈ। ਚਿੰਤਕਾਂ ਅਨੁਸਾਰ, ਸ਼ੈਲੀ ਵਿਗਿਆਨ ਸਾਹਿਤਕ ਪਾਠ ਦੀ 'ਸਜੀਵ ਆਤਮਾ' ਨੂੰ ਫੜਨ ਦੀ ਕੋਸ਼ਿਸ਼ ਕਰਦਾ ਹੈ। ਇਹ ਸਿਰਫ਼ ਇਹ ਨਹੀਂ ਦੇਖਦਾ ਕਿ ਲੇਖਕ ਨੇ ਕੀ ਲਿਖਿਆ ਹੈ, ਸਗੋਂ ਇਹ ਦੇਖਦਾ ਹੈ ਕਿ ਉਸ ਨੇ ਵਿਸ਼ੇਸ਼ ਸ਼ਬਦਾਂ ਦੀ ਚੋਣ ਕਿਸ ਪ੍ਰਕਿਰਿਆ ਰਾਹੀਂ ਅਤੇ ਕਿਸ ਉਦੇਸ਼ ਲਈ ਕੀਤੀ ਹੈ। ਇਸ ਤਰ੍ਹਾਂ, ਇਹ ਅਨੁਸ਼ਾਸਨ ਭਾਸ਼ਾ ਦੀ ਮਕੈਨੀਕਲ ਪ੍ਰਕਿਰਿਆ ਨੂੰ ਇੱਕ ਕਲਾਤਮਕ ਗੌਰਵ ਪ੍ਰਦਾਨ ਕਰਦਾ ਹੈ।

ਇਨ੍ਹਾਂ ਵਿਦਵਾਨਾਂ ਦੀਆਂ ਰਾਵਾਂ ਤੋਂ ਅਸੀਂ ਸ਼ੈਲੀ ਵਿਗਿਆਨ ਦੇ ਪ੍ਰਕਾਰਜ ਨੂੰ ਜਾਣ ਸਕੇ ਹਾਂ। ਅਸਲ ਵਿੱਚ ਸ਼ੈਲੀ ਵਿਗਿਆਨ ਦਾ ਪ੍ਰਕਾਰਜ ਰਚਨਾ ਦੀ ਭਾਸ਼ਾ ਦੀ ਸਤਹੀ ਸੰਰਚਨਾ (Surface Structure) ਤੋਂ ਚੱਲ ਕੇ ਗਹਿਨ ਸੰਰਚਨਾ (Deep Structure) ਤੱਕ ਉਸ ਦਾ ਵਿਸ਼ਲੇਸ਼ਣ ਕਰਨਾ ਹੈ। ਇਸ ਵਿਸ਼ਲੇਸ਼ਣ ਤੋਂ ਇਹ ਧਿਆਨ ਰੱਖਣਾ ਵੀ ਜ਼ਰੂਰੀ ਹੁੰਦਾ ਹੈ ਕਿ ਰਚਨਾ ਦਾ ਵਿਸ਼ੇ ਜਾਂ ਆਤਮਾ ਨੂੰ ਰਚਨਾ ਨਾਲੋਂ ਕੱਟਿਆ ਨਾ ਜਾਵੇ। ਸ਼ੈਲੀ ਵਿਗਿਆਨ ਪਾਠਕ ਦੇ ਨਜ਼ਰੀਏ ਤੋਂ ਸਮਝਣ ਵਾਲਾ ਵਿਗਿਆਨ ਹੈ। ਸ਼ੈਲੀ ਵਿਗਿਆਨ ਭਾਸ਼ਾ ਅਤੇ ਸਾਹਿਤ ਨਾਲ ਸਬੰਧਿਤ ਹੈ। ਪਰ ਵੀਹਵੀਂ ਸਦੀ ਤੋਂ ਪਹਿਲਾਂ ਭਾਸ਼ਾ ਅਤੇ ਸਾਹਿਤ ਦੋਵਾਂ ਹੀ ਖੇਤਰਾਂ ਵਿੱਚ ਵਿਗਿਆਨਕ ਜਾਂ ਆਧੁਨਿਕ ਚੇਤਨਾ ਦਾ ਵਿਕਾਸ ਨਹੀਂ ਸੀ ਹੋਇਆ। ਸ਼ੈਲੀ ਵਿਗਿਆਨ ਦੀ ਪਰਿਭਾਸ਼ਾ ਹੇਠ ਲਿਖੇ ਅਨੁਸਾਰ ਹੈ:

"ਸ਼ੈਲੀ ਵਿਗਿਆਨ ਸਾਹਿਤ ਸਮੀਖਿਆ ਦੀ ਅਜਿਹੀ ਵਿਧੀ ਹੈ ਜਿਸ ਦਾ ਆਪਣਾ ਸਿਧਾਂਤ, ਪ੍ਰਣਾਲੀ ਅਤੇ ਤਕਨੀਕ ਹੈ। ਇਸ ਦਾ ਚਿੰਤਨ ਵਸਤੂਵਾਦੀ ਪਰ ਦ੍ਰਿਸ਼ਟੀ ਭਾਸ਼ਾਵਾਦੀ ਹੈ। ਇਹ ਆਪਣੇ ਆਪ ਨੂੰ ਰਚਨਾ-ਸਮੁੱਚ ਉੱਤੇ ਇਕਾਗਰ ਕਰਕੇ, ਸਾਹਿਤ ਦੇ ਮਰਮ ਤੱਕ ਪਹੁੰਚਣ ਲਈ ਯਤਨਸ਼ੀਲ ਹੁੰਦੀ ਹੈ। ਇਸ ਮੰਤਵ ਲਈ ਸ਼ੈਲੀ ਵਿਗਿਆਨ ਭਾਸ਼ਾ ਵਿਗਿਆਨ ਅਤੇ ਸੁਹਜ ਸ਼ਾਸਤਰ ਦੀ ਸਹਾਇਤਾ ਲੈਂਦਾ ਹੈ।"[3]

ਸ਼ੈਲੀ ਵਿਗਿਆਨ ਤਾਂ ਸਾਹਿਤ ਆਲੋਚਨਾ ਅਤੇ ਭਾਸ਼ਾ ਵਿਗਿਆਨ ਦੋਵਾਂ ਦੀ ਵਿਚਕਾਰਲੀ ਵਿੱਥ ਨੂੰ ਪੂਰਨ ਵਾਲਾ ਪੁਲ ਹੈ, ਇਸੇ ਕਰਕੇ ਇਹ ਆਲੋਚਨਾ ਦੀ ਨਵੀਂ ਪੱਧਤੀ ਹੈ। ਇਸ ਦਾ ਕਾਰਜ ਖੇਤਰ ਸਾਹਿਤ ਹੀ ਹੈ। ਸ਼ੈਲੀ ਵਿਗਿਆਨ ਭਾਸ਼ਾਈ ਵਿਸ਼ਲੇਸ਼ਣ ਦੇ ਨਾਲ-ਨਾਲ ਰਚਨਾ ਦੇ ਕਰਮ ਪੱਖ ਨੂੰ ਵੀ ਦ੍ਰਿਸ਼ਟੀਗੋਚਰ ਕਰਦਾ ਹੈ। ਇਹ ਅਰਥ ਨੂੰ ਕਦੇ ਨਹੀਂ ਛੱਡਦਾ ਸਗੋਂ ਅਰਥ ਦੇ ਨਾਲ ਰਚਨਾ ਵਿੱਚ ਸੁਹਜ ਨੂੰ ਵੀ ਸਾਹਮਣੇ ਲਿਆਉਂਦਾ ਹੈ। ਸਾਹਿਤ ਦੇ ਬਾਹਰੀ ਤੱਥਾਂ ਨੂੰ ਆਪਣੇ ਵਿਸ਼ਲੇਸ਼ਣ ਵਿੱਚ ਸ਼ਾਮਲ ਨਹੀਂ ਕਰਦਾ। ਪਰ ਸਾਹਿਤ ਦੀ ਸਮਝ ਬਾਰੇ ਸ਼ੈਲੀ ਵਿਗਿਆਨ ਦੀ ਲੋੜ ਇਸ ਕਰਕੇ ਹੈ ਕਿ ਪਾਠਕਾਂ ਨੂੰ ਸੰਕਲਪ ਤੇ ਭਾਸ਼ਾ ਦੀ ਮੁਢਲੀ ਜਾਣਕਾਰੀ ਦੇ ਨਾਲ ਸਿੱਖਿਅਤ ਕੀਤਾ ਜਾ ਸਕੇ। ਸ਼ੈਲੀ ਵਿਗਿਆਨ ਇੱਕ ਵਿਆਪਕ ਅਰਥ ਤੇ ਪ੍ਰਕਾਰਜ ਨੂੰ ਪ੍ਰਗਟਾਉਣ ਵਾਲਾ 'ਪਦ' ਹੈ। ਸ਼ੈਲੀ ਵਿਗਿਆਨ ਭਾਸ਼ਾ ਤੇ ਸਾਹਿਤ ਦੋਨੋਂ ਪਾਸੇ ਕਾਰਜ ਕਰਦਾ ਹੈ। ਇਹ ਉਚਾਰ ਭਾਸ਼ਾ ਦੀ ਸ਼ੈਲੀ ਤੇ ਵਿਚਾਰ ਕਰਦਾ ਹੋਇਆ ਨਾਲ ਹੀ ਸਾਹਿਤ ਦੀ ਭਾਸ਼ਾ ਦੀ ਸ਼ੈਲੀ ਉੱਤੇ ਵੀ ਵਿਚਾਰ ਕਰਦਾ ਹੈ। ਪੱਛਮੀ ਆਲੋਚਕਾਂ ਨੇ ਇਸ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਦਿੱਤੀਆਂ ਹਨ:

- ਸ਼ੈਲੀ ਵਿਚਾਰਾਂ ਜਾਂ ਭਾਵਾਂ ਦੀ ਪੋਸ਼ਾਕ ਹੈ — **ਚੈਸਟਰਫੀਲਡ**
- ਸ਼ੈਲੀ ਵਿਚਾਰ ਅਤੇ ਅੰਤਰ ਦ੍ਰਿਸ਼ਟੀ ਹੈ — **ਸਪੈਂਸਰ**
- ਸ਼ੈਲੀ ਹੀ ਸ਼ਖਸੀਅਤ ਹੈ — **ਬੂਫੋ**
- ਸਹੀ ਤਰਤੀਬ ਵਿੱਚ ਸਹੀ ਸ਼ਬਦਾਂ ਦੀ ਵਰਤੋਂ ਹੀ ਸ਼ੈਲੀ ਹੈ — **ਸਵਿਫਟ**
- ਸ਼ੈਲੀ ਸਮੁੱਚੇ ਸਾਹਿਤਕ ਸੁਹਜ ਦਾ ਸਮਾਨਾਰਥੀ — **ਮਿਲਟਨ ਮਰੇ**[4]

ਯੂਨਾਨੀ ਸਾਹਿਤ ਸ਼ਾਸਤਰ ਵਿੱਚ ਸ਼ੈਲੀ ਭਾਸ਼ਣ ਦੌਰਾਨ ਸ਼ੁਰੂ ਹੋਈ। ਪੱਛਮ ਵਿੱਚ ਸ਼ੈਲੀ ਨਾਲ ਵਿਗਿਆਨ ਸ਼ਬਦ ਚਾਰਲਸ ਬੈਲੀ ਲਗਾਉਂਦਾ ਹੈ। ਸ਼ੈਲੀ ਵਿਗਿਆਨ ਨਾਲ ਸਬੰਧਤ ਸਕੂਲਾਂ ਨੇ ਵੀ ਸ਼ੈਲੀ ਵਿਗਿਆਨ ਦੇ ਖੇਤਰ ਵਿੱਚ ਕਾਫੀ ਮਹੱਤਵਪੂਰਨ ਯੋਗਦਾਨ ਪਾਇਆ ਹੈ। ਜਿਵੇਂ ਸ਼ੈਲੀ ਵਿਗਿਆਨ ਦੀ ਰੂਸੀ ਧਾਰਾ, ਸ਼ੈਲੀ ਵਿਗਿਆਨ ਦੀ ਚੈਕ-ਧਾਰਾ, ਫਰਾਂਸੀਸੀ ਸ਼ੈਲੀ ਵਿਗਿਆਨ, ਬੈਲੀ ਸਕੂਲ ਦਾ ਸਟਾਈਲਿਸਟਿਕ, ਫਰਾਂਸੀਸੀ ਨਵ-ਸੰਰਚਨਾਵਾਦ, ਜਰਮਨ ਸ਼ੈਲੀ ਵਿਗਿਆਨ, ਸਪੇਨੀ ਸ਼ੈਲੀ ਵਿਗਿਆਨ, ਬਰਤਾਨਵੀ ਸ਼ੈਲੀ ਵਿਗਿਆਨ, ਅਮਰੀਕਨ ਸ਼ੈਲੀ ਵਿਗਿਆਨ/ਕਾਨਫਰੰਸਾਂ ਅਤੇ ਸੈਮੀਨਾਰਾਂ ਵਿੱਚ ਸ਼ੈਲੀ ਵਿਗਿਆਨ ਦਾ ਵਿਕਾਸ ਵੀ ਮਹੱਤਵਪੂਰਨ ਹੈ।

ਇਨ੍ਹਾਂ ਸਕੂਲਾਂ ਵਿੱਚ ਪ੍ਰਾਗ ਸਕੂਲ ਸ਼ੈਲੀ ਵਿਗਿਆਨ ਲਈ ਮਹੱਤਵਪੂਰਨ ਸਕੂਲ ਹੈ। ਪ੍ਰਾਗ ਸਕੂਲ ਹੀ ਅਜਿਹਾ ਸਕੂਲ ਹੈ ਜਿਸ ਨੇ ਸ਼ੈਲੀ ਵਿਗਿਆਨ ਦੇ ਸੁਹਜਾਤਮਕ ਪ੍ਰਕਾਰਜ ਅਤੇ ਅਗਰਭੂਮਣ ਦੀ ਧਾਰਨਾ ਪ੍ਰਾਪਤ ਕੀਤੀ ਹੈ। ਅਗਰਭੂਮਣ ਵਿੱਚ ਪਹਿਲਾਂ-ਪਹਿਲ ਸਿਰਫ਼ ਉਲੰਘਣ ਨੂੰ ਲਿਆ ਜਾਂਦਾ ਸੀ। ਪਰ ਬਾਅਦ ਵਿੱਚ ਸਮਾਨਾਂਤਰਤਾ ਨੂੰ ਵੀ ਇਸ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਚਿਹਨ ਵਿਗਿਆਨ ਅਤੇ ਸੰਰਚਨਾਵਾਦ ਨਾਲ ਜੁੜਨ ਦੀ ਅਧਾਰ-ਭੂਮੀ ਵੀ ਸ਼ੈਲੀ ਵਿਗਿਆਨ ਨੇ ਇੱਥੋਂ ਹੀ ਪ੍ਰਾਪਤ ਕੀਤੀ ਹੈ। ਚਾਰਲਸ ਬੈਲੀ ਨੇ ਇਸ ਸਮੀਖਿਆ ਅਨੁਸ਼ਾਸਨ ਦਾ ਨਾਮਕਰਨ ਕੀਤਾ। ਬੈਲੀ ਨੇ ਸਾਹਿਤ ਦੀ ਥਾਂ ਭਾਸ਼ਾ ਦੀਆਂ ਸ਼ੈਲੀਗਤ ਵਿਸ਼ੇਸ਼ਤਾਵਾਂ ਦਾ ਅਧਿਐਨ ਕੀਤਾ। ਗੈਰ-ਸਾਹਿਤਕ ਰੂਪ ਵਿੱਚ ਜਨਮੇ ਸ਼ੈਲੀ ਵਿਗਿਆਨ ਨੇ ਪਿੱਛੋਂ ਸਾਹਿਤਕ ਰੂਪ ਧਾਰਨ ਕੀਤਾ। ਇਸੇ ਲਈ ਚਾਰਲਸ ਬੈਲੀ ਇਸਦਾ ਪਿਤਾਮਾ ਬਣ ਗਿਆ।

**ਪ੍ਰਾਗ ਸਕੂਲ ਅਤੇ ਚਿਹਨਵਾਦੀ ਪਰਿਪੇਖ:** ਪ੍ਰਾਗ ਸਕੂਲ ਦੇ ਚਿੰਤਕਾਂ, ਵਿਸ਼ੇਸ਼ ਕਰਕੇ ਜਾਨ ਮੁਕਾਰੋਵਸਕੀ ਨੇ ਇਹ ਸਥਾਪਿਤ ਕੀਤਾ ਕਿ ਸਾਹਿਤਕ ਪਾਠ ਵਿੱਚ ਭਾਸ਼ਾ ਦਾ ਪ੍ਰਕਾਰਜ ਸਿਰਫ਼ ਸੂਚਨਾ ਦੇਣਾ ਨਹੀਂ ਹੁੰਦਾ, ਸਗੋਂ ਭਾਸ਼ਾ ਖੁਦ ਇੱਕ ਸੁਹਜਾਤਮਕ ਵਸਤੂ

ਵਜੋਂ ਸਾਹਮਣੇ ਆਉਂਦੀ ਹੈ। ਜਦੋਂ ਅਸੀਂ ਕਿਸੇ ਕਵਿਤਾ ਜਾਂ ਗਲਪੀ ਪਾਠ ਦਾ ਅਧਿਐਨ ਕਰਦੇ ਹਾਂ, ਤਾਂ ਉੱਥੇ ਚਿਹਨਾਂ ਦਾ ਇੱਕ ਗੁੰਝਲਦਾਰ ਜਾਲ ਵਿਛਿਆ ਹੁੰਦਾ ਹੈ। ਸ਼ੈਲੀ ਵਿਗਿਆਨ ਇਸ ਚਿਹਨ-ਪ੍ਰਬੰਧ ਦੀਆਂ ਅੰਦਰੂਨੀ ਪਰਤਾਂ ਨੂੰ ਫਰੋਲਦਾ ਹੈ। ਇਹ ਸਪੱਸ਼ਟ ਕਰਦਾ ਹੈ ਕਿ ਕਿਵੇਂ ਇੱਕ ਸਧਾਰਨ ਸ਼ਬਦ ਕਿਸੇ ਖਾਸ ਪ੍ਰਸੰਗ ਵਿੱਚ ਜਾ ਕੇ ਵਿਲੱਖਣ ਸੱਭਿਆਚਾਰਕ ਅਤੇ ਇਤਿਹਾਸਕ ਅਰਥਾਂ ਦਾ ਧਾਰਨੀ ਬਣ ਜਾਂਦਾ ਹੈ। ਇਸ ਪ੍ਰਕਾਰ, ਸ਼ੈਲੀ ਵਿਗਿਆਨ ਪਾਠ ਦੀ 'ਸੰਰਚਨਾਤਮਕ ਸੁਤੰਤਰਤਾ' ਨੂੰ ਸਵੀਕਾਰ ਕਰਦਿਆਂ ਪਾਠਕ ਨੂੰ ਇੱਕ ਸਰਗਰਮ ਅਰਥ-ਸਿਰਜਕ ਵਜੋਂ ਸਥਾਪਿਤ ਕਰਦਾ ਹੈ। ਸ਼ੈਲੀ ਵਿਗਿਆਨ ਭਾਸ਼ਾ ਅਤੇ ਸਾਹਿਤ ਨਾਲ ਸਬੰਧਿਤ ਵਿਗਿਆਨ ਹੈ। ਸ਼ੈਲੀ ਵਿਗਿਆਨ ਅਸਲ ਵਿੱਚ ਰਚਨਾ ਵਿੱਚੋਂ ਸੁਹਜ ਖੋਜਣ ਦੀ ਕੋਸ਼ਿਸ਼ ਕਰਦਾ ਹੈ। ਸ਼ੈਲੀ ਵਿਗਿਆਨ ਇਹ ਨਹੀਂ ਕਹਿੰਦਾ ਕਿ ਇਹ ਨਾਂਵ ਸ਼ਬਦ ਹੈ ਜਾਂ ਇਸ ਵਿੱਚ ਇੰਨੀਆਂ ਕਿਰਿਆਵਾਂ ਦੀ ਵਰਤੋਂ ਹੋਈ ਹੈ। ਸਗੋਂ ਇਹ ਖੋਜਣ ਦੀ ਕੋਸ਼ਿਸ਼ ਕਰਦਾ ਹੈ ਨਾਂਵ ਸ਼ਬਦ ਅਤੇ ਕਿਰਿਆਵਾਂ ਦੇ ਵਰਤੇ ਜਾਣ ਪਿੱਛੇ ਕੀ ਪ੍ਰਯੋਜਨ ਹੈ, ਇਨ੍ਹਾਂ ਦੀ ਕੀ ਵਿਸ਼ੇਸ਼ਤਾ ਹੈ। ਇਨ੍ਹਾਂ ਦੀ ਚੋਣ ਕੀਤੇ ਜਾਣ ਨਾਲ ਸੁਹਜਾਤਮਕਤਾ ਕਿਵੇਂ ਉਜਾਗਰ ਹੋਈ ਹੈ। ਸ਼ੈਲੀ ਵਿਗਿਆਨ ਦਾ ਮਹੱਤਵਪੂਰਨ ਪ੍ਰਤਿਮਾਨ ਅਗਰਭੂਮਣ ਹੈ, ਅਗਰਭੂਮਣ ਦੇ ਅੱਗੋਂ ਚਾਰ ਪੱਧਰ ਹਨ। ਜਿਨ੍ਹਾਂ ਨੂੰ ਭਾਸ਼ਾ ਵਿਗਿਆਨ ਦੀ ਮਦਦ ਨਾਲ ਅੱਗੋਂ ਖੋਲ੍ਹਿਆ ਜਾਂਦਾ ਹੈ। ਸ਼ੈਲੀ ਵਿਗਿਆਨ ਭਾਸ਼ਾ ਵਿਗਿਆਨ ਦੀ ਮਦਦ ਨਾਲ ਹੀ ਭਾਸ਼ਕ ਕਾਈਆਂ ਰਾਹੀਂ ਉਜਾਗਰ ਹੁੰਦਾ ਹੈ। ਭਾਸ਼ਕ ਇਕਾਈਆਂ ਅਤੇ ਅਗਰਭੂਮਣ ਪ੍ਰਤਿਮਾਨ ਨੂੰ ਅੱਗੇ ਮਾਡਲ ਰਾਹੀਂ ਸਮਝਦੇ ਹਾਂ।



ਅਗਰਭੂਮਣ ਸਭ ਤੋਂ ਮਹੱਤਵਪੂਰਨ ਅਤੇ ਕੇਂਦਰੀ ਸੰਕਲਪ ਹੈ। ਇਸ ਸ਼ਬਦ ਸੰਕਲਪ ਦੇ ਅਧਾਰ ਉੱਤੇ ਹੀ ਇਸ ਪ੍ਰਤਿਮਾਨ ਦਾ ਨਾਮਕਰਨ ਕੀਤਾ ਗਿਆ ਹੈ। ਇਸ ਸ਼ਬਦ ਨੂੰ ਚੈੱਕ ਭਾਸ਼ਾ ਦੇ ਸ਼ਬਦ *Aktualisace* ਤੋਂ ਲਿਆ ਗਿਆ ਹੈ। ਪੀ. ਐਲ. ਗਾਰਵਿਨ ਨੇ ਇਸਦਾ ਅੰਗਰੇਜ਼ੀ ਅਨੁਵਾਦ *Foregrounding* ਕੀਤਾ ਹੈ। ਪੰਜਾਬੀ ਵਿੱਚ ਇਸ ਸ਼ਬਦ ਲਈ ਢੁਕਵਾਂ ਅਨੁਵਾਦ ਅਗਰਭੂਮਣ ਹੈ। ਹੈਲੀਡੇ ਦੇ ਅਨੁਸਾਰ ਅਗਰਭੂਮਣ ਅਜਿਹੀ ਪ੍ਰੇਰਨਾਤਮਕ ਭਾਸ਼ਾਈ ਪ੍ਰਭੁਸੱਤਾ ਹੈ, ਜੋ ਪਾਠ ਦੇ ਅਰਥਾਂ ਨਾਲ ਪੂਰੀ ਤਰ੍ਹਾਂ ਜੁੜੀ ਹੋਈ ਹੈ। ਡਾ. ਰਵਿੰਦਰ ਨਾਥ ਸ੍ਰੀਵਾਸਤਵ ਅਨੁਸਾਰ:-

"ਪੇਸ਼ਬੰਦੀ (ਅਗਰਭੂਮਣ) ਅਭਿਵਿਅਕਤੀ ਦੀ ਉਹ ਅਵੱਗਿਆ ਹੈ ਜੋ ਆਪਣੀ ਵਕਰਤਾ ਕਾਰਨ ਨਾ ਕੇਵਲ ਸਾਡਾ ਧਿਆਨ ਆਕਰਸ਼ਿਤ ਕਰਦੀ ਹੈ ਸਗੋਂ ਸਾਡੀਆਂ ਯਾਂਤਰਿਕ ਹੋ ਰਹੀਆਂ ਸੰਵੇਦਨਾਵਾਂ ਵਿੱਚ ਵੀ ਇੱਕ ਨਵਾਂ ਰੰਗ ਭਰਦੀ ਹੈ ਅਤੇ ਵਸਤੂ-ਜਗਤ ਦੇ ਪ੍ਰਤੀ ਸਾਡੇ ਰੂੜ੍ਹ ਹੁੰਦੇ ਜਾ ਰਹੇ ਬੋਧ ਵਿੱਚ ਵੀ ਨਵੀਨਤਾ ਦਾ ਸੰਚਾਰ ਕਰਦੀ ਹੈ।"[5]

ਅਗਰਭੂਮਣ ਦੇ ਖੇਤਰ ਵਿੱਚ ਹੈਲੀਡੇ ਦੇ ਵਿਚਾਰ ਵੀ ਬੜੇ ਮਹੱਤਵਪੂਰਨ ਹਨ। ਉਸਨੇ ਹੀ ਅਗਰਭੂਮਣ ਨੂੰ ਪ੍ਰਮੁੱਖਤਾ (Prominence) ਦੇ ਸੰਕਲਪ ਰਾਹੀਂ ਪੇਸ਼ ਕੀਤਾ ਹੈ। ਭਾਸ਼ਾ ਦੇ ਵਿਸ਼ੇਸ਼ ਨਮੂਨੇ, ਅਗਰਭੂਮਿਤ ਹੋ ਕੇ ਪਾਠਕ ਦਾ ਧਿਆਨ ਖਿੱਚਦੇ ਹਨ ਅਤੇ ਉਸਦੇ ਰੂੜ੍ਹ ਅਤੇ ਮਸ਼ੀਨੀ ਅਨੁਭਵ ਨੂੰ ਤੋੜ ਕੇ ਉਸਨੂੰ ਹੈਰਾਨ ਕਰ ਦਿੰਦੇ ਹਨ। ਇਉਂ ਅਗਰਭੂਮਣ ਦਾ ਸਬੰਧ ਪਾਠਕ ਦੇ ਮਨੋਵਿਗਿਆਨ ਅਤੇ ਉਸਦੀ ਸੁਹਿਰਦਤਾ ਨਾਲ ਵੀ ਹੈ। ਅਗਰਭੂਮਣ ਦੀ ਮੋਟੀ ਅਜਿਹੀ ਜਾਣਕਾਰੀ ਤੋਂ ਬਾਅਦ ਅਸੀਂ ਇਸ ਦੇ ਚਾਰ ਪੱਧਰਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਨੂੰ ਦ੍ਰਿਸ਼ਟੀਗੋਚਰ ਕਰਦੇ ਹਾਂ।

**1. ਵਿਚਲਨ (Deviation):-** ਵਿਚਲਨ ਅਗਰਭੂਮਣ ਪ੍ਰਤਿਮਾਨ ਦਾ ਪਹਿਲਾ ਅਤੇ ਸਭ ਤੋਂ ਮਹੱਤਵਪੂਰਨ ਪੱਧਰ ਹੈ। ਹਰ ਸਾਹਿਤਕਾਰ ਜਾਂ ਰਚਨਾਕਾਰ ਦਾ ਤਜਰਬਾ ਨਿਵੇਕਲਾ ਹੁੰਦਾ ਹੈ। ਇਸ ਨਵੇਂ ਤਜਰਬੇ ਨੂੰ ਪੇਸ਼ ਕਰਨ ਲਈ ਨਿਵੇਕਲੀ ਸ਼ਬਦਾਵਲੀ ਅਤੇ ਵਾਕਾਵਲੀ ਦੀ ਲੋੜ ਵੀ ਪੈਂਦੀ ਹੈ। ਇਸ ਉਦੇਸ਼ ਲਈ ਰਚਨਾਕਾਰ ਆਪਣੀ ਮੌਲਿਕ ਭਾਸ਼ਾ ਸਿਰਜਦਾ ਹੈ। ਸਧਾਰਨ ਭਾਸ਼ਾ ਨਾਲੋਂ ਵੀ ਨਿਖੇੜਦਾ ਹੈ। ਮੌਲਿਕ ਭਾਸ਼ਾ ਸਿਰਜਦੇ-ਸਿਰਜਦੇ ਰਚਨਾਕਾਰ ਭਾਸ਼ਾ ਦੇ ਪ੍ਰਤਿਮਾਨਕ ਰੂਪ ਅਤੇ ਵਿਆਕਰਨ ਦਾ ਉਲੰਘਣ ਕਰਦਾ ਹੈ। ਜਿਸ ਕਰਕੇ ਇਸ ਉਲੰਘਣ ਨੂੰ ਹੀ ਵਿਚਲਨ ਕਿਹਾ ਜਾਂਦਾ ਹੈ। ਕਿਸੇ ਵੀ ਸਾਹਿਤ ਵਿਧਾ ਵਿੱਚ ਕਾਵਿ ਭਾਸ਼ਾ ਦੀਆਂ ਵਿਭਿੰਨ ਇਕਾਈਆਂ ਰਾਹੀਂ ਵਿਚਲਨ ਰੂਪਮਾਨ ਹੁੰਦਾ ਰਹਿੰਦਾ ਹੈ।

ਕਾਵਿ ਰੂਪ ਵਿੱਚ ਇਸ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਭਾਸ਼ਕ ਇਕਾਈਆਂ ਜਿਵੇਂ ਧੁਨੀ, ਸ਼ਬਦ, ਰੂਪ, ਪ੍ਰਵਚਨ, ਲਿਖਤ, ਅਰਥ ਆਦਿ ਹੇਠਾਂ ਇਨ੍ਹਾਂ ਬਾਰੇ ਸੰਖੇਪ ਚਰਚਾ ਕਰਾਂਗੇ:

- **ਧੁਨੀ ਪੱਧਰ ਤੇ ਵਿਚਲਨ:-** ਜਦੋਂ ਕੋਈ ਕਵੀ/ਲੇਖਕ ਕਿਸੇ ਸ਼ਬਦ ਵਿੱਚ ਅਜਿਹੀਆਂ ਧੁਨੀਆਂ ਦੀ ਵਰਤੋਂ ਕਰ ਜਾਂਦਾ ਹੈ ਜਿਸ ਦਾ ਵਿਆਕਰਨ ਨੇਮਾਂ ਅਨੁਸਾਰ ਉਲੰਘਣ ਹੋਵੇ ਉਸ ਨੂੰ ਧੁਨੀ ਪੱਧਰ ਤੇ ਵਿਚਲਨ ਕਿਹਾ ਜਾਂਦਾ ਹੈ। ਇਹ ਵਿਚਲਨ ਭਾਸ਼ਕ ਧੁਨੀਆਂ ਤੇ ਆਧਾਰਿਤ ਹੁੰਦਾ ਹੈ।
- **ਸ਼ਬਦ ਪੱਧਰ ਤੇ ਵਿਚਲਨ:-** ਸ਼ਬਦ ਭਾਸ਼ਾ ਦੀ ਛੋਟੀ ਤੋਂ ਛੋਟੀ ਅਰਥਪੂਰਨ ਅਤੇ ਸੁਤੰਤਰ ਇਕਾਈ ਹੈ। ਸਾਹਿਤ ਦੇ ਵੱਖਰੇ-ਵੱਖਰੇ ਰੂਪਾਂ ਵਿੱਚ ਸ਼ਬਦ ਦੀ ਪੱਧਰ ਉੱਤੇ ਵਿਚਲਨ ਦੀ ਸੰਭਾਵਨਾ ਬਣੀ ਰਹਿੰਦੀ ਹੈ। ਰਚਨਾਕਾਰ ਜਦੋਂ ਵੀ ਰਚਨਾ ਨੂੰ ਸੁੱਚਜੇ ਢੰਗ ਨਾਲ ਲਿਖਦਾ ਹੈ ਤਾਂ ਰਚਨਾ ਦਾ ਪ੍ਰਭਾਵ ਸ਼ਬਦਾਂ ਦੀ ਜੜਤ ਰਾਹੀਂ ਪੈਦਾ ਕਰਦਾ ਹੈ। ਕੋਈ ਭਾਸ਼ਕਕਾਰ, ਕੋਈ ਕਲਾਕਾਰ ਜਾਂ ਕਵੀ ਸ਼ਬਦਾਂ ਦੀ ਸੁੱਚਜੀ ਬਣਤਰ ਰਾਹੀਂ ਹੀ ਆਪਣਾ ਸ਼ੈਲੀਗਤ ਪ੍ਰਭਾਵ ਪਾਉਂਦਾ ਹੈ। ਇਸ ਲਈ ਸ਼ਬਦ ਦੀ ਪੱਧਰ ਉੱਤੇ ਵਿਆਕਰਨ ਭੰਨ-ਤੋੜ ਦੀ ਗੁੰਜਾਇਸ਼ ਪੈਦਾ ਹੋ ਜਾਂਦੀ ਹੈ। ਜਦੋਂ ਕੋਈ ਵੀ ਸ਼ਬਦ ਵਿਉਤਪਤ ਜਾਂ ਵਿਕਾਰੀ ਰੂਪ ਹਾਸਲ ਕਰਕੇ ਨਵੇਂ ਰੂਪ ਵਿੱਚ ਵਰਤਿਆ ਜਾਂਦਾ ਹੈ ਤਾਂ ਉਸ ਨੂੰ ਸ਼ਬਦ ਮੂਲਕ ਵਿਚਲਨ ਕਿਹਾ ਜਾਂਦਾ ਹੈ।
- **ਰੂਪ ਪੱਧਰ ਤੇ ਵਿਚਲਨ:-** ਪ੍ਰਚਲਿਤ ਸ਼ਬਦਾਂ ਦੇ ਰੂਪ ਵਿੱਚ ਪਰਿਵਰਤਨ ਕਰਕੇ ਉਨ੍ਹਾਂ ਨੂੰ ਵਧੇਰੇ ਸੁਹਜਾਤਮਕ ਰੂਪ ਪ੍ਰਦਾਨ ਕੀਤਾ ਜਾਂਦਾ ਹੈ ਜਾਂ ਉਹ ਸ਼ਬਦ ਜਿਨ੍ਹਾਂ ਦਾ ਰੂਪ ਪਰਿਵਰਤਨ ਕਰਨ ਲਈ ਉਨ੍ਹਾਂ ਦੀ ਸ਼ਬਦ ਸ਼੍ਰੇਣੀ ਪਰਿਵਰਤਿਤ ਕਰ ਦਿੱਤੀ ਜਾਂਦੀ ਹੈ। ਇਸ ਤੋਂ ਬਿਨਾਂ ਪਾਠ-ਰਚੈਤਾ ਕਿਸੇ ਸ਼ਬਦ ਸ਼੍ਰੇਣੀ ਤੋਂ ਕਿਸੇ ਦੂਸਰੀ ਸ਼ਬਦ ਸ਼੍ਰੇਣੀ ਦਾ ਪ੍ਰਕਾਰਜ ਵੀ ਕਰਵਾ ਲੈਂਦਾ ਹੈ, ਉੱਥੇ ਰੂਪ ਪੱਧਰ ਤੇ ਵਿਚਲਨ ਹੁੰਦਾ ਹੈ।
- **ਪ੍ਰਵਚਨ ਪੱਧਰ ਤੇ ਵਿਚਲਨ:-** ਪ੍ਰਵਚਨ ਵਾਕ ਤੋਂ ਵੱਡੀ ਇਕਾਈ ਹੈ। ਪ੍ਰਵਚਨ ਦੀ ਰਚਨਾ ਸਿਰਫ਼ ਵਾਕਾਂ ਦੇ ਸੰਯੋਗ ਨਾਲ ਹੀ ਨਹੀਂ ਹੁੰਦੀ ਸਗੋਂ ਇਸ ਲਈ ਸਮੁੱਚੇ ਪਾਠ ਦਾ ਅਧਿਐਨ ਹੋਣਾ ਜ਼ਰੂਰੀ ਹੁੰਦਾ ਹੈ। ਇਸ ਦੀ ਆਪਣੀ ਸੰਰਚਨਾ ਹੁੰਦੀ ਹੈ।
- **ਅਰਥ ਪੱਧਰ ਤੇ ਵਿਚਲਨ:-** ਰਚਨਾਕਾਰ ਆਪਣੀ ਸਾਹਿਤ-ਭਾਸ਼ਾ ਵਿੱਚ ਜਦੋਂ ਸ਼ਬਦਾਂ ਅਤੇ ਵਾਕਾਂ ਤੋਂ ਉਨ੍ਹਾਂ ਦੇ ਮੂਲ ਅਰਥ ਖੋਹ ਕੇ ਆਪਣੇ ਮਨੋਰਥ ਅਨੁਸਾਰ ਅਰਥ

ਪ੍ਰਦਾਨ ਕਰਦਾ ਹੈ ਤਾਂ ਇਸ ਨੂੰ ਅਰਥ ਪੱਧਰ ਦਾ ਵਿਚਲਨ ਕਿਹਾ ਜਾਂਦਾ ਹੈ। ਇਸ ਕਿਸਮ ਦਾ ਵਿਚਲਨ ਸਤਹੀ ਪੱਧਰ ਦੀ ਥਾਂ ਡੂੰਘੀ ਪੱਧਰ ਦਾ ਹੁੰਦਾ ਹੈ।

- **ਲਿਖਤ ਪੱਧਰ ਤੇ ਵਿਚਲਨ:-** ਰਚਨਾਕਾਰ ਦਾ ਲਿਖਣ ਢੰਗ ਹੁੰਦਾ ਹੈ। ਜਦੋਂ ਕੋਈ ਰਚਨਾਕਾਰ ਆਪਣੀ ਲਿਖਤ ਵਿੱਚ ਟੇਢੇ ਅੱਖਰ, ਛੋਟੇ ਅੱਖਰ, ਗਿਣਤਕੀ ਚਿੰਨ੍ਹ, ਉਲਟੇ ਅੱਖਰ, ਥਾਂ ਖਾਲੀ ਛੱਡਣਾ, ਸਤਰਾਂ ਵਾਕਾਂ ਜਾਂ ਵਾਕੰਸ਼ਾਂ ਨੂੰ ਜੋੜਨਾ ਜਾਂ ਤੋੜਨਾ ਆਦਿ ਦੀ ਵਰਤੋਂ ਕਰਦਾ ਹੋਇਆ ਰਚਨਾ ਵਿੱਚ ਸਿਰਜਣਾਤਮਕਤਾ ਲਿਆਉਂਦਾ ਹੈ ਤਾਂ ਇਸਨੂੰ ਲਿਖਤ ਪੱਧਰ ਦਾ ਵਿਚਲਨ ਕਿਹਾ ਜਾਂਦਾ.ਹੈ।

**2. ਵਿਪਥਨ (Deflection):-** ਵਿਪਥਨ ਦਾ ਸਧਾਰਨ ਅਰਥ ਰਚਨਾਕਾਰ ਦੁਆਰਾ ਅਪਣਾਏ ਗਏ ਲਿਖਣ ਢੰਗ ਅਤੇ ਸ਼ਬਦਾਵਲੀ ਨੂੰ ਆਪਣੇ ਵੱਲੋਂ ਹੀ ਉਲੰਘਣ ਕਰ ਦੇਣਾ ਹੈ। ਇਹ ਉਲੰਘਣ ਭਾਸ਼ਾ ਦੇ ਸਥਾਪਿਤ ਪ੍ਰਤਿਮਾਨ ਦਾ ਨਹੀਂ ਸਗੋਂ ਰਚਨਾਕਾਰ ਦੁਆਰਾ ਅਪਣਾਏ ਗਏ ਪ੍ਰਤਿਮਾਨ ਤੋਂ ਹੁੰਦਾ ਹੈ। ਡਾ. ਸੀਤਾਸ਼ੂ ਅਨੁਸਾਰ:

"ਜਦੋਂ ਲੇਖਕ ਆਪਣੇ ਦੁਆਰਾ ਅਪਣਾਏ ਗਏ ਸਥਿਰ ਪ੍ਰਤਿਮਾਨ ਦਾ ਹੀ ਉਲੰਘਣ ਕਰ ਜਾਂਦਾ ਹੈ ਅਤੇ ਇਸਦੇ ਸਮਾਨਾਂਤਰ ਜਾਂ ਵਿਰੋਧ ਵਿੱਚ ਦੂਸਰੇ ਪ੍ਰਤਿਮਾਨ ਨੂੰ ਸਥਾਪਿਤ ਕਰ ਦਿੰਦਾ ਹੈ ਤਾਂ ਉੱਥੇ ਵਿਪਥਨ ਹੁੰਦਾ ਹੈ।"[6]

ਭਾਸ਼ਕ ਇਕਾਈਆਂ ਜਿਵੇਂ ਵਿਚਲਨ ਰਾਹੀਂ ਰੂਪਗਤ ਹੁੰਦੀਆਂ ਹਨ ਉਵੇਂ ਹੀ ਵਿਪਥਨ ਰਾਹੀਂ ਵੀ ਕਾਰਜਸ਼ੀਲ ਹੁੰਦੀਆਂ ਹਨ। ਜਿਵੇਂ:

- **ਧੁਨੀ ਪੱਧਰ ਤੇ ਵਿਪਥਨ:-** ਧੁਨੀ ਪੱਧਰ ਤੇ ਵਿਪਥਨ ਕਵਿਤਾ ਵਿੱਚ ਵਿਆਪਕ ਰੂਪ ਵਿੱਚ ਹੁੰਦਾ ਹੈ। ਇਸ ਉਦੇਸ਼ ਲਈ ਆਪਣੀ ਕਵਿਤਾ ਵਿੱਚ ਨਿਸ਼ਚਿਤ ਪ੍ਰਕਾਰ ਦੀਆਂ ਧੁਨੀਆਂ ਦੀ ਵਰਤੋਂ ਕਰਦਾ ਹੋਇਆ ਕਵੀ ਜਦੋਂ ਅਚਾਨਕ ਉਸੇ ਕਵਿਤਾ ਜਾਂ ਪੁਸਤਕ ਵਿੱਚ ਹੋਰ ਧੁਨੀਆਂ ਵਰਤੋਂ ਕਰਨ ਲੱਗ ਜਾਵੇ ਜਾਂ ਆਪਣੇ ਅਪਣਾਏ ਪ੍ਰਤਿਮਾਨ ਦਾ ਉਲੰਘਣ ਕਰ ਜਾਵੇ ਤਾਂ ਉੱਥੇ ਧੁਨੀ ਪੱਧਰ ਦਾ ਵਿਪਥਨ ਹੁੰਦਾ ਹੈ।
- **ਸ਼ਬਦ ਪੱਧਰ ਤੇ ਵਿਪਥਨ:-** ਰਚਨਾਕਾਰ ਚੁਣੀਆਂ ਹੋਈਆਂ ਸ਼ਬਦ ਮਦਾਂ ਨੂੰ ਤਿਆਗ ਕੇ ਨਵੇਂ ਸ਼ਬਦਾਂ ਨੂੰ ਅਪਣਾ ਲੈਂਦਾ ਹੈ। ਆਪਣੀਆਂ ਸ਼ਬਦਾਂ ਮਦਾਂ ਦਾ ਪ੍ਰਭਾਵ ਪਾਉਣ ਲਈ ਰਚਨਾਕਾਰ ਨਿਵੇਕਲੇ ਸ਼ਬਦਾਂ ਦੀ ਚੋਣ ਕਰਦਾ ਹੈ। ਪਰ ਕਿਸੇ ਵਿਸ਼ੇਸ਼ ਪਾਠਗਤ ਸਥਿਤੀ ਵਿੱਚ ਉਹ ਇਨ੍ਹਾਂ ਸ਼ਬਦ ਮਦਾਂ ਦਾ ਵੀ ਤਿਆਗ ਕਰਕੇ ਨਵੇਂ ਸ਼ਬਦ ਪ੍ਰਤਿਮਾਨ ਨੂੰ

ਅਪਣਾ ਲੈਂਦਾ ਹੈ ਤਾਂ ਇਸ ਪ੍ਰਵਿਰਤੀ ਨੂੰ ਅਗਰਭੂਮਣ ਪ੍ਰਤਿਮਾਨ ਵਿੱਚ ਸ਼ਬਦ ਪੱਧਰ ਤੇ ਵਿਪਥਨ ਕਿਹਾ ਜਾਂਦਾ ਹੈ।

- **ਰੂਪ ਪੱਧਰ ਤੇ ਵਿਪਥਨ:-** ਰੂਪ ਦੀ ਪੱਧਰ ਤੇ ਵਿਪਥਨ ਕਈ ਕਿਸਮਾਂ ਦਾ ਹੁੰਦਾ ਹੈ। ਰਚਨਾਕਾਰ ਰੂਪ ਪੱਧਰ ਉੱਤੇ ਆਪਣੇ ਵੱਲੋਂ ਸਥਾਪਿਤ ਕੀਤੇ ਕਿਸੇ ਪ੍ਰਤਿਮਾਨ ਦੀ ਉਲੰਘਣ ਕਰਕੇ, ਕਿਸੇ ਹੋਰ ਪ੍ਰਤਿਮਾਨ ਦੀ ਵਰਤੋਂ ਕਰ ਲੈਂਦਾ ਹੈ। ਹਰ ਇੱਕ ਸਾਹਿਤਕ ਰੂਪ ਵਿੱਚ ਇਸ ਕਿਸਮ ਦੇ ਵਿਪਥਨ ਦੀ ਸੰਭਾਵਨਾ ਬਣੀ ਰਹਿੰਦੀ ਹੈ।
- **ਅਰਥ ਪੱਧਰ ਤੇ ਵਿਪਥਨ:-** ਜਦੋਂ ਰਚਨਾਕਾਰ ਕਿਸੇ ਸ਼ਬਦ ਨੂੰ ਕਿਸੇ ਵਿਸ਼ੇਸ਼ ਸੰਦਰਭ ਲਈ ਵਰਤਦਾ ਹੈ ਪਰ ਕਿਸੇ ਦੂਸਰੀ ਥਾਂ ਵਰਤੋਂ ਵਿੱਚ ਲਿਆਂਦਾ ਉਹੀ ਸ਼ਬਦ ਜਦੋਂ ਕਿਸੇ ਨਵੇਂ ਅਰਥ ਨੂੰ ਪ੍ਰਗਟ ਕਰਦਾ ਹੈ ਤਾਂ ਉੱਥੇ ਅਰਥ ਪੱਧਰ ਤੇ ਵਿਪਥਨ ਹੁੰਦਾ ਹੈ।
- **ਪ੍ਰਵਚਨ ਪੱਧਰ ਤੇ ਵਿਪਥਨ:-** ਸਾਹਿਤਕਾਰ ਕਿਸੇ ਪ੍ਰਵਚਨ ਇਕਾਈ ਨੂੰ ਸਿਰਜਣ ਲਈ ਆਪਣੇ ਵੱਲੋਂ ਅਪਣਾਏ ਗਏ ਪ੍ਰਵਚਨਾਂ ਦੇ ਪ੍ਰਤਿਮਾਨਾਂ ਦੇ ਵਿਰੋਧ ਵਿੱਚ ਪੇਸ਼ ਕਰਦਾ ਹੈ। ਇਸ ਨੂੰ 'ਸਟਾਈਲ ਸ਼ਿਫਟ' (Style Shift) ਵੀ ਕਿਹਾ ਜਾਂਦਾ ਹੈ। ਪ੍ਰਵਚਨ ਦੋ ਕਿਸਮ ਦੇ ਹੁੰਦੇ ਹਨ- ਖੁੱਲ੍ਹੀ ਬਣਤਰ ਵਾਲੇ ਪ੍ਰਵਚਨ ਅਤੇ ਬੰਦ ਬਣਤਰ ਵਾਲੇ ਪ੍ਰਵਚਨ।
- **ਲਿਖਤ ਪੱਧਰ ਤੇ ਵਿਪਥਨ:-** ਰਚਨਾਕਾਰ ਇੱਕ ਲਿਖਣ-ਢੰਗ ਦੇ ਵਿਰੋਧ ਵਿੱਚ ਜਦੋਂ ਦੂਸਰੀ ਕਿਸਮ ਦੇ ਲਿਖਣ-ਢੰਗ ਨੂੰ ਸਥਾਪਿਤ ਕਰਦਾ ਹੈ ਤਾਂ ਉੱਥੇ ਲਿਖਤ ਪੱਧਰ ਤੇ ਵਿਪਥਨ ਹੁੰਦਾ ਹੈ।

**3. ਸਮਾਨਾਂਤਰਤਾ (Parallelism):-** ਭਾਸ਼ਾ ਦੀ ਕਿਸੇ ਵੀ ਸਤਹ ਤੇ ਜਦੋਂ ਕਿਸੇ ਭਾਸ਼ਕ ਮਦ ਨੂੰ ਇੱਕ ਤੋਂ ਜ਼ਿਆਦਾ ਵਾਰ ਦੁਹਰਾਇਆ ਜਾਂਦਾ ਹੈ ਤਾਂ ਉੱਥੇ ਸਮਾਨਾਂਤਰਤਾ ਹੁੰਦੀ ਹੈ। ਸਮਾਨਾਂਤਰਤਾ ਆਦਿ, ਮੱਧ, ਅੰਤ ਵਿੱਚ ਲੈਅਬੱਧਤਾ ਨੂੰ ਵੀ ਉਜਾਗਰ ਕਰਦੀ ਹੈ। ਸਮਾਨਾਂਤਰ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਰੋਮਨ ਯੈਕੋਬਸਨ ਨੇ ਦਿੱਤੀ ਹੈ ਤੇ ਸਮਾਨਾਂਤਰਤਾ ਦਾ ਜਨਮਦਾਤਾ ਰੋਮਨ ਯੈਕੋਬਸਨ ਨੂੰ ਹੀ ਮੰਨਿਆ ਜਾਂਦਾ ਹੈ। ਡਾ. ਸੀਤਾਸ਼ੂ ਅਨੁਸਾਰ:

"ਸਮਾਨਾਂਤਰਤਾ ਵਿੱਚ ਸਮਤਾ ਅਤੇ ਵਿਰੋਧ ਦੀਆਂ ਦੋ ਦਿਸ਼ਾਵਾਂ ਖੁੱਲ੍ਹਦੀਆਂ ਹਨ। ਵਿਭਿੰਨ ਕਿਸਮ ਦੇ ਦੁਹਰਾਓ ਉੱਤੇ ਆਧਾਰਿਤ ਸਮਾਨਾਂਤਰਤਾ, ਸਮਤਾਮੂਲਕ ਸਮਾਨਾਂਤਰਤਾ ਬਣਕੇ ਆਉਂਦੀ ਹੈ ਅਤੇ ਵਿਰੋਧ ਉੱਤੇ ਨਿਰਭਰ ਵਿਰੋਧੀ ਸਮਾਨਾਂਤਰਤਾ ਬਣ ਕੇ ਆਉਂਦੀ

ਹੈ। ਸਮਾਨਾਂਤਰਤਾ ਦੀਆਂ ਇਨ੍ਹਾਂ ਦੋਵੇਂ ਹੀ ਦਿਸ਼ਾਵਾਂ ਵਿੱਚ ਭਾਸ਼ਾ ਦੇ ਸਾਰੇ ਪੱਧਰ ਕਿਰਿਆਸ਼ੀਲ ਹੁੰਦੇ ਹਨ।"[7]

- **ਧੁਨੀ ਪੱਧਰ ਤੇ ਸਮਾਨਾਂਤਰਤਾ:-** ਸਮਾਨਾਂਤਰਤਾ ਮੁਢਲੇ ਰੂਪ ਵਿੱਚ ਕਵਿਤਾ ਵਿੱਚ ਜ਼ਿਆਦਾ ਵੇਖੀ ਜਾ ਸਕਦੀ ਹੈ। ਛੰਦ, ਅਨੁਪ੍ਰਾਸਕਤਾ, ਤੁਕਾਂਤ ਮੇਲ, ਲੈਅ, ਤੋਲ ਆਦਿ ਕਵਿਤਾ ਦੀ ਮਜਬੂਰੀ ਹਨ। ਪਰ ਇਹ ਮਜਬੂਰੀ ਬਾਕੀ ਸਾਹਿਤ ਰੂਪਾਂ ਵਿੱਚ ਨਹੀਂ ਹੁੰਦੀ, ਇਸੇ ਕਰਕੇ ਕਵਿਤਾ ਵਿੱਚ ਸਮਾਨਾਂਤਰਤਾ ਦੀ ਵਧੀਕ ਸੰਭਾਵਨਾ ਬਣੀ ਰਹਿੰਦੀ ਹੈ।
- **ਸ਼ਬਦ ਪੱਧਰ ਤੇ ਸਮਾਨਾਂਤਰਤਾ:-** ਜਦੋਂ ਕਿਸੇ ਰਚਨਾ ਪਾਠ ਵਿੱਚ ਕਿਸੇ ਵਿਸ਼ੇਸ਼ ਸ਼ਬਦ ਨੂੰ ਦੁਹਰਾਇਆ ਜਾਂਦਾ ਹੈ ਜਿਵੇਂ ਆਦਿ, ਅੰਤ, ਮੱਧ ਕੋਈ ਵੀ ਥਾਂ ਹੋਵੇ ਤਾਂ ਉਸ ਨੂੰ ਸ਼ਬਦ ਪੱਧਰ ਦੀ ਸਮਾਨਾਂਤਰਤਾ ਕਿਹਾ ਜਾਂਦਾ ਹੈ।
- **ਰੂਪ ਪੱਧਰ ਤੇ ਸਮਾਨਾਂਤਰਤਾ:-** ਜਦੋਂ ਕਿਸੇ ਖਾਸ ਰੂਪੀਮ ਨੂੰ ਵਾਰ ਵਾਰ ਦੁਹਰਾਇਆ ਜਾਂਦਾ ਹੈ ਤਾਂ ਰੂਪ ਦੀ ਪੱਧਰ ਤੇ ਸਮਾਨਾਂਤਰਤਾ ਦਾ ਪ੍ਰਗਟਾਵਾ ਹੁੰਦਾ ਹੈ। ਜਾਂ ਕਿਸੇ ਰਚਨਾ ਕਿਰਤ ਵਿੱਚ ਰੂਪ ਦੇ ਅਧਾਰ ਤੇ ਸਮਰੂਪ ਭਾਸ਼ਕ ਆਈਟਮਾਂ ਦੀ ਵਰਤੋਂ ਕੀਤੀ ਗਈ ਹੋਵੇ ਤਾਂ ਉੱਥੇ ਰੂਪ ਪੱਧਰ ਦੀ ਸਮਾਨਾਂਤਰਤਾ ਹੁੰਦੀ ਹੈ।
- **ਅਰਥ ਪੱਧਰ ਤੇ ਸਮਾਨਾਂਤਰਤਾ:-** ਡਾ. ਸੀਤਾਸ਼ੂ ਅਨੁਸਾਰ ਅਰਥ ਪੱਧਰੀ ਸਮਤਾ ਸਮਾਨਾਂਤਰਤਾ ਉੱਥੇ ਪ੍ਰਾਪਤ ਹੁੰਦੀ ਹੈ ਜਿੱਥੇ ਸਮਾਨਾਰਥਕਾਂ ਦੀ ਵਰਤੋਂ ਹੋਣ ਦੀ ਸੰਭਾਵਨਾ ਹੋਵੇ। ਅਰਥ ਸਮਾਨਾਂਤਰਤਾ ਦੋ ਕਿਸਮ ਦੀ ਹੁੰਦੀ ਹੈ- ਸਮਤਾ ਪੱਖੀ ਅਤੇ ਵਿਰੋਧ ਪੱਖੀ। ਅਰਥ ਸਮਾਨਾਂਤਰਤਾ ਕੁਝ ਵਿਸ਼ੇਸ਼ ਸ਼ਬਦਾਂ ਦੀ ਤਰਤੀਬ ਜਾਂ ਦੁਹਰਾਅ ਨਾਲ ਜਦੋਂ ਪੇਸ਼ ਹੋਵੇ ਉੱਥੇ ਅਰਥਮੂਲਕ ਸਮਤਾ ਸਮਾਨਾਂਤਰਤਾ ਹੁੰਦੀ ਹੈ। ਅਰਥ ਪੱਧਰ ਦੀ ਵਿਰੋਧੀ ਸਮਾਨਾਂਤਰਤਾ ਉੱਥੇ ਹੁੰਦੀ ਹੈ ਜਿੱਥੇ ਵਿਰੋਧੀ ਅਰਥੀ ਭਾਸ਼ਕ ਇਕਾਈਆਂ ਨੂੰ ਇੱਕੋ ਥਾਂ ਪੇਸ਼ ਕੀਤਾ ਜਾਵੇ।
- **ਪ੍ਰਵਚਨ ਪੱਧਰ ਤੇ ਸਮਾਨਾਂਤਰਤਾ:-** ਪ੍ਰਵਚਨ ਦੀ ਸਤਹ ਤੇ ਸਮਾਨਾਂਤਰਤਾ ਪ੍ਰਵਚਨ ਦੇ ਦੁਹਰਾਓ ਵਿੱਚ ਬਣਦੀ ਹੈ। ਆਮ ਤੌਰ ਤੇ ਨਾਵਲ, ਨਾਟਕ, ਕਹਾਣੀ ਆਦਿ ਸਾਹਿਤ ਵਿਧਾਵਾਂ ਵਿੱਚ ਇਸ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਇਹ ਸਮਾਨਾਂਤਰਤਾ ਸਮਤਾ ਜਾਂ ਵਿਰੋਧ ਦੇ ਪੈਟਰਨਾਂ ਵਿੱਚੋਂ ਕਿਸੇ ਉੱਪਰ ਵੀ ਆਧਾਰਿਤ ਹੋ ਸਕਦੀ ਹੈ।

- **ਲਿਖਤ ਪੱਧਰ ਸਮਾਨਾਂਤਰਤਾ:-** ਇਸ ਕਿਸਮ ਦੀ ਸਮਾਨਾਂਤਰਤਾ ਦੀ ਜ਼ਿਆਦਾ ਵਰਤੋਂ ਕਾਵਿ-ਜਗਤ ਵਿੱਚ ਹੁੰਦੀ ਹੈ। ਇਹ ਉੱਥੇ ਹੁੰਦੀ ਹੈ ਜਿੱਥੇ ਪ੍ਰਸ਼ਨ ਚਿੰਨ੍ਹ, ਵਿਸਮਿਕ ਚਿੰਨ੍ਹ, ਸੰਕੇਤ ਜਾਂ ਲਿਖਣ ਵਿਧੀ ਵਿੱਚ ਦੁਹਰਾਅ ਹੋਵੇ।

**4. ਵਿਰਲਤਾ (Rareness):-** ਵਿਚਲਨ, ਵਿਪਥਨ, ਸਮਾਨਾਂਤਰਤਾ ਦੇ ਇਲਾਵਾ ਸ਼ੈਲੀ ਵਿਗਿਆਨ ਵਿੱਚ ਇੱਕ ਹੋਰ ਤੱਤ ਹੁੰਦਾ ਹੈ, ਜਿਸ ਦੇ ਨਾਲ ਰਚਨਾ ਅਗਰਭੂਮਣ ਵਿੱਚ ਆ ਜਾਂਦੀ ਹੈ। ਇਹ ਉਹ ਪੱਧਰ ਹੈ, ਜਿਸ ਨੂੰ ਵਿਰਲਤਾ ਕਿਹਾ ਜਾਂਦਾ ਹੈ। ਵਿਰਲਤਾ ਦੀ ਗੱਲ ਧੁਨੀ, ਸ਼ਬਦ, ਵਾਕ, ਪ੍ਰਵਚਨ, ਸਾਰੀਆਂ ਭਾਸ਼ਕ ਇਕਾਈਆਂ ਰਾਹੀਂ ਕੀਤੀ ਜਾ ਸਕਦੀ ਹੈ। ਆਮ ਤੌਰ ਤੇ ਇਹ ਉੱਥੇ ਹੁੰਦੀ ਹੈ ਜਿੱਥੇ ਨਾ ਵਿਚਲਨ ਨਾ ਵਿਪਥਨ ਹੋਵੇ। ਸਮਾਨਾਂਤਰਤਾ ਅਤੇ ਵਿਰਲਤਾ ਆਪਸ ਵਿੱਚ ਵਿਰੋਧੀ ਹਨ। ਵਿਰਲਤਾ ਵਿੱਚ ਇੱਕ ਸ਼ਬਦ ਦੀ ਇੱਕੋ ਵਾਰ ਵਰਤੋਂ ਕੀਤੀ ਜਾਂਦੀ ਹੈ ਜਾਂ ਬਹੁਤ ਵਿਰਲ ਵਰਤੋਂ ਹੁੰਦੀ ਹੈ। ਇਸ ਦੇ ਉਲਟ ਸਮਾਨਾਂਤਰਤਾ ਵਿੱਚ ਇੱਕ ਤੋਂ ਵੱਧ ਵਾਰ ਉਸ ਦਾ ਦੁਹਰਾਓ ਹੁੰਦਾ ਹੈ। ਵਿਰਲਤਾ ਨੂੰ ਅਗਰਭੂਮਣ ਦਾ ਇੱਕ ਅੰਗ ਡਾ. ਸ਼ਸ਼ੀਭੂਸ਼ਣ ਸੀਤਾਸ਼ੂ ਵੱਲੋਂ ਬਣਾਇਆ ਗਿਆ ਹੈ। ਉਸ ਅਨੁਸਾਰ:-

"ਵਿਰਲਤਾ ਵਿੱਚ ਕਿਸੇ ਵੀ ਭਾਸ਼ਕ ਪੱਧਰ ਉੱਤੇ ਕਿਸੇ ਵੀ ਭਾਸ਼ਕ ਇਕਾਈ ਦੀ, ਘੱਟ ਤੋਂ ਘੱਟ ਵਰਤੋਂ ਹੁੰਦੀ ਹੈ।"[8]

ਇਸੇ ਕਾਰਨ ਵਿਰਲਤਾ, ਸਧਾਰਨ ਅਤੇ ਇੱਕ ਵਚਨੀ ਸਰੂਪ ਦੀਆਂ ਭਾਸ਼ਕ ਇਕਾਈਆਂ ਦੇ ਸਮੂਹ ਵਿੱਚੋਂ ਜਨਮ ਲੈਂਦੀ ਹੈ। ਵਿਰਲਤਾ ਇੱਕ ਦੀ ਸੰਖਿਆ ਤੱਕ ਹੀ ਸੀਮਿਤ ਰਹਿੰਦੀ ਹੈ। ਇਸੇ ਕਾਰਨ ਇਸ ਵਿੱਚ ਸਾਰੀਆਂ ਭਾਸ਼ਕ ਇਕਾਈਆਂ ਇੱਕ ਵਾਰੀ ਹੀ ਪੇਸ਼ ਹੁੰਦੀਆਂ ਹਨ, ਉਨ੍ਹਾਂ ਦੇ ਦੁਹਰਾਅ ਜਾਂ ਵਿਕਲਪ ਦੀ ਗੁੰਜਾਇਸ਼ ਨਹੀਂ ਹੁੰਦੀ।

ਇਸ ਪ੍ਰਕਾਰ, ਸ਼ੈਲੀ ਵਿਗਿਆਨ ਸਾਹਿਤਕ ਪਾਠਾਂ ਦੇ ਅਧਿਐਨ ਲਈ ਇੱਕ ਬਹੁਤ ਹੀ ਪੁਖ਼ਤਾ, ਨਿਸ਼ਚਿਤ ਅਤੇ ਵਿਗਿਆਨਕ ਆਧਾਰ ਪ੍ਰਦਾਨ ਕਰਦਾ ਹੈ। ਇਹ ਰਚਨਾ ਦੇ ਬਾਹਰੀ ਪ੍ਰਭਾਵਾਂ ਦੀ ਬਜਾਏ ਉਸ ਦੀ ਅੰਦਰੂਨੀ ਭਾਸ਼ਾਈ ਬਣਤਰ ਨੂੰ ਤਰਜੀਹ ਦਿੰਦਾ ਹੈ। ਵਿਚਲਨ, ਵਿਪਥਨ, ਸਮਾਨਾਂਤਰਤਾ ਅਤੇ ਵਿਰਲਤਾ ਦੇ ਚਾਰ ਪ੍ਰਮੁੱਖ ਪੱਧਰਾਂ ਰਾਹੀਂ ਇਹ ਵਿਧੀ ਸਾਹਿਤਕ ਕਿਰਤ ਦੇ ਅੰਦਰੂਨੀ ਸੁਹਜ ਨੂੰ ਉਜਾਗਰ ਕਰਨ ਦੇ ਸਮਰੱਥ ਹੈ। ਇਹ ਪਾਠਕ ਨੂੰ ਮਹਿਜ਼ ਇੱਕ ਨਿਸ਼ਕਿਰਿਆ ਉਪਭੋਗਤਾ ਨਹੀਂ ਰਹਿਣ ਦਿੰਦੀ, ਸਗੋਂ ਉਸ ਨੂੰ ਭਾਸ਼ਾ ਦੇ ਅਰਥ-ਗੌਰਵ ਨਾਲ ਜੋੜ ਕੇ ਇੱਕ ਸੁਚੇਤ ਕਲਾ-ਪਾਰਖੂ ਬਣਾਉਂਦੀ ਹੈ। ਅਜੋਕੇ ਦੌਰ ਵਿੱਚ, ਸਾਹਿਤਕ ਆਲੋਚਨਾ ਨੂੰ ਪ੍ਰਭਾਵਵਾਦੀ ਜਾਂ ਵਿਅਕਤੀਗਤ ਪਸੰਦ-ਨਾਪਸੰਦ ਦੇ

ਦਾਇਰੇ ਵਿੱਚੋਂ ਕੱਢ ਕੇ ਵਸਤੂਪਰਕ ਬਣਾਉਣ ਵਿੱਚ ਸ਼ੈਲੀ ਵਿਗਿਆਨ ਦਾ ਯੋਗਦਾਨ ਬੇਮਿਸਾਲ ਅਤੇ ਇਤਿਹਾਸਕ ਹੈ।

ਇਸ ਤਰ੍ਹਾਂ ਸ਼ੈਲੀ ਵਿਗਿਆਨ ਭਾਸ਼ਾ ਵਿਗਿਆਨ ਦੀ ਮਦਦ ਨਾਲ ਰਚਨਾ ਦਾ ਵਿਸ਼ਲੇਸ਼ਣ ਕਰਦਾ ਹੋਇਆ ਰਚਨਾ ਵਿੱਚੋਂ ਸੁਹਜ ਨੂੰ ਵੀ ਪਕੜ ਲਿਆਉਂਦਾ ਹੈ। ਅਗਰਭੂਮਣ ਦੇ ਚਾਰ ਆਧਾਰ ਪੱਧਰ ਕਿਸੇ ਰਚਨਾ ਪਾਠ ਦੇ ਵਿਸ਼ਲੇਸ਼ਣ ਲਈ ਸ਼ੈਲੀ ਵਿਗਿਆਨ ਨੂੰ ਮਹੱਤਵਪੂਰਨ ਪ੍ਰਤਿਮਾਨ ਦਿੰਦੇ ਹਨ। ਜਿਸ ਦੇ ਅਧਾਰ ਤੇ ਪਾਠ ਦਾ ਵਿਸ਼ਲੇਸ਼ਣ ਤੇ ਸੰਸਲੇਸ਼ਣ ਕੀਤਾ ਜਾ ਸਕਦਾ ਹੈ। ਸ਼ੈਲੀ ਵਿਗਿਆਨ ਅਜਿਹੀ ਆਲੋਚਨਾ ਪੱਧਤੀ ਹੈ ਜੋ ਅਗਰਭੂਮਣ ਦੀ ਮਹੱਤਤਾ ਨਾਲ ਅੱਗੋਂ ਚਾਰੇ ਪੱਧਰਾਂ ਰਾਹੀਂ ਰਚਨਾ ਵਿੱਚ ਵੜ ਕੇ ਰਚਨਾ ਨੂੰ ਉੱਤਮ ਬਣਾਉਂਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਰਜਿੰਦਰ ਸਿੰਘ ਸੇਖੋਂ:- ਸ਼ੈਲੀ ਵਿਗਿਆਨ ਇਤਿਹਾਸ, ਸਿਧਾਂਤ ਤੇ ਵਿਹਾਰ, ਦੀਪਕ ਪਬਲਿਸ਼ਰਜ਼, ਮਾਈ ਹੀਰਾ ਗੇਟ, ਜਲੰਧਰ, 2010. ਪੰਨਾ-80.
2. ਸੀਤਾਸ਼ੂ ਸ਼ਸ਼ੀਭੂਸ਼ਣ, ਸ਼ੈਲੀ ਵਿਗਿਆਨ ਸਿਧਾਂਤ ਤੇ ਵਿਹਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2013. ਪੰਨਾ-12.
3. ਰਜਿੰਦਰ ਸਿੰਘ ਸੇਖੋਂ, ਸ਼ੈਲੀ ਵਿਗਿਆਨ ਇਤਿਹਾਸ, ਸਿਧਾਂਤ ਤੇ ਵਿਹਾਰ, ਦੀਪਕ ਪਬਲਿਸ਼ਰਜ਼, ਮਾਈ ਹੀਰਾ ਗੇਟ, ਜਲੰਧਰ, 2010. ਪੰਨਾ-80.
4. ਉਧਰਿਤ, ਰਜਿੰਦਰ ਸਿੰਘ ਸੇਖੋਂ, ਸ਼ੈਲੀ ਵਿਗਿਆਨ ਇਤਿਹਾਸ, ਸਿਧਾਂਤ ਤੇ ਵਿਹਾਰ, ਦੀਪਕ ਪਬਲਿਸ਼ਰਜ਼, ਮਾਈ ਹੀਰਾ ਗੇਟ, ਜਲੰਧਰ, 2010. ਪੰਨਾ-90.
5. ਉਧਰਿਤ ਰਜਿੰਦਰ ਸਿੰਘ ਸੇਖੋਂ, ਸ਼ੈਲੀ ਵਿਗਿਆਨ ਇਤਿਹਾਸ, ਸਿਧਾਂਤ ਤੇ ਵਿਹਾਰ, ਦੀਪਕ ਪਬਲਿਸ਼ਰਜ਼, ਮਾਈ ਹੀਰਾ ਗੇਟ, ਜਲੰਧਰ, 2010. ਪੰਨਾ-108.
6. ਡਾ. ਸੀਤਾਸ਼ੂ, ਸ਼ੈਲੀ ਵਿਗਿਆਨ ਸਿਧਾਂਤ ਤੇ ਵਿਹਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2013. ਪੰਨਾ-112.
7. ਡਾ. ਸੀਤਾਸ਼ੂ, ਸ਼ੈਲੀ ਵਿਗਿਆਨ ਸਿਧਾਂਤ ਤੇ ਵਿਹਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2013. ਪੰਨੇ-31-32.
8. ਡਾ. ਸੀਤਾਸ਼ੂ, ਸ਼ੈਲੀ ਵਿਗਿਆਨ ਸਿਧਾਂਤ ਤੇ ਵਿਹਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2013. ਪੰਨਾ-115.